311 ਸ਼ੁਰੂ ਕਰਨ ਤੋਂ ਬਾਅਦ ਸਿਟੀ ਹਾਲ ਤੋਂ ਜਾਣਕਾਰੀ ਜਾਂ ਸੇਵਾ ਪ੍ਰਾਪਤ ਕਰਨਾ ਬਹੁਤ ਅਸਾਨ ਹੋ ਗਿਆ ਹੈ। ਇੱਕ ਅਸਾਨ ਫੋਨ ਨੰਬਰ ਅਤੇ ਇੱਕ ਅਸਾਨ ਵੈਬਸਾਈਟ, ਨਿਵਾਸੀਆਂ, ਵਪਾਰੀਆਂ ਅਤੇ ਦਰਸ਼ਕਾਂ ਨੂੰ ਸਿਟੀ ਦੀਆਂ ਸੇਵਾਵਾਂ, ਪ੍ਰੋਗਰਾਮਾਂ ਅਤੇ ਜਾਣਕਾਰੀ ਤੱਕ ਦਿਨ ਵਿੱਚ 24 ਘੰਟੇ, ਹਫਤੇ ਦੇ ਸੱਤੋ ਦਿਨ ਪਹੁੰਚਣ ਦਿੰਦਾ ਹੈ।

311, ਲੈਂਗਵੇਜ ਲਾਈਨ ਸਰਵਿਸਿਜ਼ ਦੇ ਦੁਭਾਸ਼ੀਆਵਾਂ ਦੀ ਮਦਦ ਨਾਲ 170 ਭਾਸ਼ਾਵਾਂ ਵਿੱਚ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ। ਜੇਕਰ ਤੁਹਾਨੂੰ ਅੰਗਰੇਜ਼ੀ ਬੋਲਣ ਵਿੱਚ ਤਕਲੀਫ ਹੈ, ਜਾਂ ਤੁਸੀਂ ਅਜਿਹੇ ਕਿਸੀ ਨੂੰ ਜਾਣਦੇ ਹੋ, ਤਾਂ ਸਹਾਇਤਾ ਲਈ 311 ਨੂੰ ਆਪਣੀ ਬੋਲਣ ਵਾਲੀ ਭਾਸ਼ਾ ਵਿੱਚ ਫੋਨ ਕਰੋ। ਜੇਕਰ ਤੁਸੀਂ ਟੀ.ਟੀ.ਵਾਏ. ਦੀ ਵਰਤੋਂ ਕਰਦੇ ਹੋ ਤਾਂ ਸਾਨੂੰ 416-338-0589 ’ਤੇ ਫੋਨ ਕਰੋ।

ਟਰਾਂਟੋ ਨੂੰ ਮਾਣ ਹੈ ਕਿ ਸੰਸਾਰ ਦੇ ਸਭ ਤੋਂ ਜ਼ਿਆਦਾ ਵੱਡੇ ਬਹੁ-ਸਾਂਸਕ੍ਰਿਤਕ ਸ਼ਹਿਰਾਂ ਵਿੱਚੋਂ ਉਹ ਇੱਕ ਹੈ, ਅਤੇ ਸਿਟੀ ਹਰ ਕੋਸ਼ਿਸ਼ ਕਰਦੀ ਹੈ ਕਿ ਸੇਵਾ-ਸਾਧਨ ਵੱਧ ਤੋਂ ਵੱਧ ਸੰਭਵ ਭਾਸ਼ਾਵਾਂ ਵਿੱਚ ਪ੍ਰਦਾਨ ਕਰ ਸਕੇ। ਹੁਣ ਤੁਸੀਂ ਇਹਨਾਂ ਸਫਿਆਂ ਨੂੰ 23 ਭਾਸ਼ਾਵਾਂ ਵਿੱਚ, ਆਪਣੇ ਆਪ ਹੋਣ ਵਾਲੇ ਅਨੁਵਾਦ (ਗੂਗਲ ਅਨੁਵਾਦ) ਦੇ ਉਪਯੋਗ ਨਾਲ ਦੇਖ ਸਕਦੇ ਹੋ। ਪਰ, ਕੁੱਝ ਅਜਿਹੇ ਖੇਤਰ ਅਤੇ ਵਿਸ਼ੇਸ਼ਤਾਵਾਂ ਹਨ ਜੋ ਅਨੁਵਾਦ ਵਿੱਚ ਉਪਲਬਧ ਨਹੀਂ ਹਨ। ਹੋਰ ਭਾਸ਼ਾ ਵਿੱਚ ਸੇਵਾ ਦੀ ਮੰਗ ਜਾ ਸਧਾਰਨ ਜਾਣਕਾਰੀ ਲਈ 311 ’ਤੇ ਫੋਨ ਕਰੋ।